# ਅਮੀਰਾਂ ਦੀਆਂ ਮੌਜਾਂ ਹੀ ਮੌਜਾਂ

ਪੰਜਾਬ, ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਨੇ ਅੰਬਾਨੀ ਦੀ ਰਿਲਾਇੰਸ ਕੰਪਨੀ ਨੂੰ ਹਜ਼ਾਰਾਂ ਹੀ ਏਕੜ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਜ਼ਮੀਨਾਂ ਵਿਚ ਅੰਬਾਨੀ ਦੀਆਂ ਕੰਪਨੀਆਂ ਸਪੈਸ਼ਲ ਐਕਸਪੋਰਟ ਜ਼ੋਨ ਕਾਇਮ ਕਰਨਗੀਆਂ।

ਪੰਜਾਬ ਸਰਕਾਰ ਨੇ ਪੱਚੀ ਹਜ਼ਾਰ ਏਕੜ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ ਅਤੇ ਮਹਾਰਾਸ਼ਟਰ ਦੀ ਸਰਕਾਰ ਨੇ ਕਿਹਾ ਹੈ ਕਿ ਇਹ ਮੁੰਬਾਈ ਦੇ ਬਾਹਰ ਕਰੀਬ ਤੀਹ ਹਜ਼ਾਰ ਏਕੜ ਜ਼ਮੀਨ ਅੰਬਾਨੀ ਨੂੰ ਦੇਵੇਗੀ। ਹਰਿਆਣਾ ਸਰਕਾਰ ਨੇ ਵੀ ਝੱਜਰ ਅਤੇ ਗੁੜਗਾਵਾਂ ਦਰਮਿਆਨ ਹਾਈਵੇ ਨੰਬਰ 8 ਉਤੇ ਪੱਚੀ ਹਜ਼ਾਰ ਏਕੜ ਜ਼ਮੀਨ ਰਿਲਾਇੰਸ ਅਤੇ ਹੋਰ ਕੰਪਨੀਆਂ ਨੂੰ ਦੇਣ ਦੀ ਐਲਾਨ ਕੀਤਾ ਹੈ। ਸਸਤੀਆਂ ਜ਼ਮੀਨਾਂ ਦੇਣ ਦੇ ਇਲਾਵਾ ਸਰਕਾਰਾਂ ਇਨ੍ਹਾਂ ਕੰਪਨੀਆਂ ਨੂੰ ਹੋਰ ਵੀ ਕਈ ਸਹੂਲਤਾਂ ਦੇਣਗੀਆਂ। ਮਿਸਾਲ ਦੇ ਤੌਰ ਤੇ, ਇਨ੍ਹਾਂ ਕੰਪਨੀਆਂ ਨੂੰ ਪਹਿਲੇ ਪੰਜ ਸਾਲ ਕੋਈ ਵੀ ਟੈਕਸ ਨਹੀਂ ਦੇਣਾ ਪਵੇਗਾ ਤੇ ਅਗਲੇ ਪੰਜ ਸਾਲ ਵੀ ਸਿਰਫ਼ ਪੰਜਾਹ ਫ਼ੀ ਸਦੀ ਟੈਕਸ ਹੀ ਦੇਣਾ ਪਵੇਗਾ। ਕਹਿੰਦੇ ਹਨ ਕਿ ਇਹ ਸਪੈਸ਼ਲ ਜ਼ੋਨ ਚੀਨ ਦੇ ਆਰਥਕ ਨਮੂਨੇ ਤੇ ਕਾਇਮ ਕੀਤੇ ਜਾਣ ਵਾਲੇ ਹਨ। ਸਰਕਾਰਾਂ ਵਲੋਂ ਇਨ੍ਹਾਂ ਜ਼ੋਨਾਂ ਨੂੰ ਇਕ ਲੋਕਾਂ ਦੇ ਭਲੇ ਦੀ ਗੱਲ ਦਸਦਿਆਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸਪੈਸ਼ਲ ਐਕਸਪੋਰਟ ਜ਼ੋਨ ਲੋਕਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਨਗੇ।

ਜਿਨ੍ਹਾਂ ਲੋਕਾਂ ਤੋ ਜ਼ਮੀਨਾਂ ਖੋਹ ਕੇ ਸਰਕਾਰ ਨੇ ਇਨ੍ਹਾਂ ਕੰਪਨੀਆਂ ਨੂੰ ਸਸਤੇ ਭਾਅ ਦੇਣ ਦਾ ਫੈਸਲਾ ਕੀਤਾ ਹੈ ਉਨ੍ਹਾਂ ਵਿਚ ਸਰਕਾਰ ਦੇ ਇਸ ਫੈਸਲੇ ਖਿਲਾਫ਼ ਬਹੁਤ ਰੋਹ ਹੈ ਅਤੇ ਉਹ ਇਸ ਫੈਸਲੇ ਦੇ ਖ਼ਿਲਾਫ਼ ਘੋਲ ਵੀ ਕਰ ਰਹੇ ਹਨ। ਹਮੇਸ਼ਾ ਦੀ ਤਰਾਂ ਹੁਣ ਵੀ ਇਹ ਸਰਕਾਰਾਂ ਇਹ ਹੀ ਕਹਿ ਰਹੀਆਂ ਹਨ ਕਿ ਇਹ ਫੈਸਲਾਂ ਇਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਹੀ ਕੀਤਾ ਹੈ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦਾ ਰਾਜ ਤੰਤ੍ਰ ਅਤੇ ਸਰਕਾਰਾਂ ਹਮੇਸ਼ਾ ਇਹ ਹੀ ਦਲੀਲ ਦਿੰਦੀਆਂ ਹਨ ਕਿ ਇਨ੍ਹਾਂ ਦਾ ਹਰ ਕਦਮ ਲੋਕਾਂ ਦੀ ਭਲਾਈ ਲਈ ਹੀ ਹੈ। ਲੋਕਾਂ ਦੇ ਵਸੀਲੇ ਖੋਹਕੇ ਅਮੀਰਾਂ ਦੀਆਂ ਜੇਬਾਂ ਭਰਨ ਨੂੰ ਵੀ ਇਹ ਲੋਕਾਂ ਦੀ ਭਲਾਈ ਲਈ ਦਸਦੇ ਹਨ। ਹਿੰਦੁਸਤਾਨ ਦੀ ਹਾਕਮ ਜਮਾਤਾਂ ਨੇ ਇਹ ਦਲੀਲ ਬਸਤੀਵਾਦ ਅਤੇ ਸਾਮਰਾਜ ਤੋਂ ਸਿੱਖੀ ਹੈ। ਅੰਗ੍ਰੇਜ਼ ਬਸਤੀਵਾਦੀਏ ਵੀ ਇਹੋ ਦਲੀਲ ਦਿੰਦੇ ਹੁੰਦੇ ਸਨ ਕਿ ਉਨ੍ਹਾਂ ਨੇ ਹਿੰਦੁਸਤਾਨ ਤੇ ਕਬਜ਼ਾ ਹਿੰਦੁਸਤਾਨ ਦੇ ਲੋਕਾਂ ਦੀ ਭਲਾਈ ਲਈ ਹੀ ਕੀਤਾ ਹੈ ਤੇ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਰੱਬ ਨੇ ਲਾਈ ਹੈ। ਇਸੇ ਤਰਾਂ ਅਮਰੀਕਨ ਸਾਮਰਾਜੀਏ ਵੀ ਇਹੋ ਦਲੀਲ ਦੇ ਰਹੇ ਹਨ ਕਿ ਇਰਾਕ ਉਤੇ ਉਨ੍ਹਾਂ ਨੇ ਕਬਜ਼ਾ ਇਰਾਕੀਆਂ ਦੇ ਭਲੇ ਲਈ ਹੀ ਕੀਤਾ ਹੈ।

ਹਿੰਦੁਸਤਾਨ ਦੇ ਰਾਜਤੰਤਰ ਦਾ ਹਮੇਸ਼ਾ ਇਕੋ ਹੀ ਨਿਸ਼ਾਨਾ ਰਿਹਾ ਹੈ ਤੇ ਅਜੇ ਵੀ ਹੈ। ਉਹ ਹੈ ਹਾਕਮ ਜਮਾਤਾਂ ਦੇ ਹਿਤ ਪਾਲਣਾ। ਕਿਉਂਕਿ ਤਾਕਤ ਅਮੀਰਾਂ ਦੇ ਹੱਥ ਵਿਚ ਹੈ ਇਸ ਕਰਕੇ ਅਮੀਰਾਂ ਦੀਆਂ ਜੇਬਾਂ ਭਰਨਾ ਹੀ ਇਸ ਰਾਜ ਰਾਜਤੰਤ੍ਰ ਦੀ ਮੁਖ ਜ਼ਿੰਮੇਵਾਰੀ ਹੈ ਅਤੇ ਹਰੇਕ ਸਰਕਾਰ ਨੇ ਇਨ੍ਹਾਂ ਦੀ ਹੀ ਪੱਖ ਪੂਰਿਆਆ ਹੈ ਤੇ ਪੂਰਨਾ ਵੀ ਹੈ ਚਾਹੇ ਜਿਹੜੀ ਵੀ ਮਰਜ਼ੀ ਪਾਰਟੀ ਜਾਂ ਗੱਠਜੋੜ ਦੀ ਸਰਕਾਰ ਬਣੇ। ਚੋਣਾਂ ਦੇ ਰਾਹੀਂ ਇਹ ਅਮੀਰਾਂ ਦੇ ਰਾਜ ਨੂੰ ਜਾਇਜ਼ ਕਰਾਰ ਦਿੰਦੇ ਹਨ ਅਤੇ ਫਿਰ ਇਨ੍ਹਾਂ ਚੋਣਾਂ ਨੂੰ ਇਹ ਅਮੀਰਾ ਦੀਆਂ ਤਿਜੋਰੀਆਂ ਭਰਨ ਲਈ ਲਸੰਸ ਦੇ ਤੌਰ ਤੇ ਵਰਤਦੇ ਹਨ। ਅੰਬਾਨੀ ਵਰਗੇ ਅਤੇ ਹਾਕਮ ਟੋਲੇ ਦੇ ਹੋਰ ਜੁੰਡੀਦਾਰ ਚੋਣਾਂ ਰਾਹੀ ਲੋਕਾਂ ਤੋਂ ਤਾਕਤ ਖੋਹ ਲੈਂਦੇ ਹਨ ਅਤੇ ਆਪਣੀਆਂ ਜੇਬਾਂ ਭਰਨ ਲਈ ਵਰਤਦੇ ਹਨ।

ਲੋਕਾਂ ਦੇ ਹੱਕਾਂ ਅਤੇ ਮਿਹਨਤ ਉਤੇ ਡਾਕੇ ਮਾਰਨ ਦੇ ਹਥਿਆਰ, ਸਰਕਾਰ ਅਤੇ ਰਾਜਤੰਤ੍ਰ, ਅੰਬਾਨੀ ਵਰਗੇ ਲੁਟੇਰਿਆਂ ਦੇ ਹੱਥ ਵਿਚ ਹਨ। ਕੇਂਦਰੀ ਅਤੇ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਤਾਂ ਸਿਰਫ਼ ਹਾਕਮ ਟੋਲੇ ਦਾ ਹੁਕਮ ਵਜਾਉਣ ਲਈ ਹਨ। ਆਪਣੇ ਜਾਨ ਮਾਲ ਅਤੇ ਮਿਹਨਤ ਦੇ ਫੱਲ ਦੀ ਰਾਖੀ ਕਰਨ ਲਈ ਲੋਕਾਂ ਨੂੰ ਇਕ ਨਵੀਂ ਸਿਆਸੀ ਪ੍ਰਣਾਲੀ ਇਜਾਦ ਕਰਨ ਦੀ ਲੋੜ ਹੈ ਜਿਸ ਰਾਹੀ ਲੋਕ ਆਪ ਤਾਕਤਵਰ ਬਣ ਸਕਣ ਅਤੇ ਸਾਰੇ ਫ਼ੈਸਲੇ ਆਪ ਕਰਦੇ ਹੋਏ ਸੁਖ ਦਾ ਸਾਹ ਲੈ ਸਕਣ।